੧੦ ਸਤੰਬਰ ੨੦੨੫

**ਵਿਸ਼ਾ: ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦੇ ੩੫੦ ਸਾਲ — ਸ੍ਰਿਸ਼ਟਿ ਦੀ ਚਾਦਰ, ਮਨੁੱਖੀ ਹੱਕਾਂ ਦੇ ਰਖਵਾਲੇ ਦੀ ਵਿਰਾਸਤ ਵਜੋਂ ਮਨਾਏ ਜਾਣ।**

ਪਿਆਰੀ ਸਿੱਖ ਸੰਗਤ ਜੀ,

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ੩੫੦ ਸਾਲ ਪੂਰੇ ਹੋਣ ਦੇ ਸਮੇਂ ਸਾਡਾ ਇਹ ਇਖ਼ਲਾਕੀ ਫਰਜ਼ ਹੈ ਕਿ ਅਸੀਂ ਇਸ ਮਹਾਨ ਸ਼ਹਾਦਤ ਨੂੰ ਸਿਰਫ਼ ਇਕ ਇਤਿਹਾਸਕ ਘਟਨਾ ਹੀ ਨਾ ਮੰਨੀਏ, ਸਗੋਂ ਇਸਨੂੰ ਮਨੁੱਖੀ ਹੱਕਾਂ, ਬੋਲਣ ਦੀ ਅਜ਼ਾਦੀ ਦੀ ਰੱਖਿਆ ਲਈ ਜੀਵੰਤ ਵਿਰਾਸਤ ਵਜੋਂ ਯਾਦ ਕਰੀਏ। ਸਮਕਾਲੀ ਕਵੀ ਸੈਨਾਪਤੀ ਲਿਖਦੇ ਹਨ "ਪ੍ਰਗਟ ਭਏ ਗੁਰੂ ਤੇਗ ਬਹਾਦਰ। ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ” — ਭਾਵ ਮਨੁੱਖਤਾ ਦੀ ਢਾਲ ਵਜੋਂ ਯਾਦ ਕਰਦੇ ਹਨ।

ਗੁਰੂ ਸਾਹਿਬ ਦੀ ਸ਼ਹੀਦੀ ਕਿਸੇ ਧਰਮ ਨਾਲ ਟਕਰਾਅ ਨਹੀਂ ਸੀ, ਸਗੋਂ ਜ਼ੁਲਮ, ਜ਼ਬਰਦਸਤੀ ਧਰਮ ਪਰਿਵਰਤਨ ਅਤੇ ਰਾਜਸੀ ਦਬਾਅ ਦੇ ਵਿਰੁੱਧ ਸੀ। ਸਿੱਖਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਕਿ ਅਸੀਂ ਕਿਸੇ ਵੀ ਵੱਖਵਾਦੀ ਜਾਂ ਇਸਲਾਮੋਫੋਬਿਕ ਪ੍ਰਚਾਰ ਦਾ ਸ਼ਿਕਾਰ ਨਾ ਹੋਈਏ, ਜੋ ਇਸ ਸੱਚਾਈ ਨੂੰ ਵਿਗਾੜ ਕੇ ਗੁਰੂ ਸਾਹਿਬ ਦੀ ਸ਼ਹੀਦੀ ਦੀ ਵਿਸ਼ਵਵਿਆਪੀ ਰੂਹਾਨੀਅਤ ਨੂੰ ਘਟਾਉਂਦਾ ਹੋਵੇ।

ਇਸੇ ਸੰਦਰਭ ਵਿਚ 'ਸਰਬੱਤ ਖਾਲਸਾ ਜਥੇਬੰਦੀ' ਦਿੱਲੀ ਦੇ ਇੰਡੀਆਨ ਇਸਲਾਮਿਕ ਸੈਂਟਰ ਵੱਲੋਂ 24 ਅਗਸਤਨੂੰ ਗੁਰੂ ਸਾਹਿਬ ਦੀ ਯਾਦ ਵਿੱਚ ਕਰਵਾਏ ਗਏ ਸਿੱਖ–ਮੁਸਲਿਮ ਏਕਤਾ ਸਮਾਗਮ ਦੇ ਯਤਨ ਦੀ ਹਾਰਦਿਕ ਪ੍ਰਸ਼ੰਸਾ ਕਰਦੀ ਹੈ।

ਇਤਿਹਾਸ ਸਾਨੂੰ ਦੱਸਦਾ ਹੈ ਕਿ ਔਰੰਗਜ਼ੇਬ ਇਕ ਜ਼ਾਲਮ ਬਾਦਸ਼ਾਹ ਸੀ, ਜਿਸ ਨੇ ਸੱਤਾ ਹਥਿਆਉਣ ਲਈ ਆਪਣੇ ਭਰਾਵਾਂ ਨੂੰ ਮਾਰ ਦਿੱਤਾ, ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕੀਤਾ ਅਤੇ ਜਾਤੀਵਾਦੀ ਵੰਡ ਨੂੰ ਰਾਜਨੀਤਿਕ ਹਥਿਆਰ ਬਣਾਇਆ। ਗੈਰ-ਮੁਸਲਿਮਾਂ 'ਤੇ ਜਜ਼ੀਆ ਟੈਕਸ ਲਗਾਇਆ ਗਿਆ ਅਤੇ ਉਹਨਾਂ ਨੂੰ ਹਥਿਆਰ ਰੱਖਣ ਤੋਂ ਰੋਕ ਦਿੱਤਾ ਗਿਆ। ਧਿਆਨ ਰਹੇ, ਬ੍ਰਾਹਮਣਾਂ ਨੂੰ ਜਜ਼ੀਆ ਤੋਂ ਛੋਟ ਸੀ ਅਤੇ ਰਾਜਪੂਤਾਂ ਨੂੰ ਫੌਜੀ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ, ਜੋ ਔਰੰਗਜ਼ੇਬ ਦੀ ਫੌਜ ਦੀ ਰੀੜ੍ਹ ਦੀ ਹੱਡੀ ਸਨ। ਦਬੇ-ਕੁਚਲੇ ਵਰਗ (ਸ਼ੂਦਰ) ਦੋਹਾਂ ਤਰ੍ਹਾਂ ਦੀ ਲੁੱਟ ਦਾ ਸ਼ਿਕਾਰ ਸਨ — ਰਾਜਸੀ ਜ਼ੁਲਮ ਅਤੇ ਜਾਤੀਵਾਦੀ ਦਬਾਅ।

ਇਸ ਰਾਜਨੀਤਿਕ ਉਥਲ-ਪੁਥਲ ਵਿਚ, 1671 ਵਿਚਕਸ਼ਮੀਰ ਦੇ ਗਵਰਨਰ ਇਫ਼ਤਿਖਾਰ ਖਾਨ ਨੇ ਕਸ਼ਮੀਰੀ ਪੰਡਤਾਂ 'ਤੇ ਜ਼ੁਲਮ ਸ਼ੁਰੂ ਕੀਤਾ। ਕਸ਼ਮੀਰੀ ਪੰਡਤ ਆਪਣੇ ਵੈਦਿਕ ਵਿਦਵਤਾ ਲਈ ਮਸ਼ਹੂਰ ਸਨ ਅਤੇ ਉਨ੍ਹਾਂ ਦਾ ਉੱਤਰ ਭਾਰਤ ਵਿਚ ਵੱਡਾ ਪ੍ਰਭਾਵ ਸੀ। ਔਰੰਗਜ਼ੇਬ ਸਮਝਦਾ ਸੀ ਕਿ ਜੇ ਉਹਨਾਂ ਨੂੰ ਇਸਲਾਮ ਧਰਮ ਵਿਚ ਪਰਿਵਰਤਿਤ ਕੀਤਾ ਗਿਆ ਤਾਂ ਇਸ ਦਾ ਅਸਰ ਸਾਰੇ ਭਾਰਤ ਉੱਤੇ ਪਵੇਗਾ। ਪਰ ਉਨ੍ਹਾਂ ਦੀ ਵਿਦਵਤਾ ਅਤੇ ਮਾਣ ਦੇ ਬਾਵਜੂਦ ਵੀ ਕਿਸੇ ਰਾਜਪੂਤ ਜਰਨੈਲ ਜਾਂ ਰਾਜੇ ਵਿਚ ਹਿੰਮਤ, ਹਮਦਰਦੀ ਜਾਂ ਨਿਸ਼ਕਾਮ ਭਾਵ ਨਹੀਂ ਸੀ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਦਾ। ਉਸ ਵੇਲੇ ਪੰਡਿਤ ਕਿਰਪਾ ਰਾਮ ਅਤੇ ਉਸਦੇ ਸਾਥੀਆਂ ਨੇ ਰਾਜਪੂਤ ਜਰਨੈਲਾਂ ਜਾਂ ਰਾਜਿਆਂ ਨੂੰ ਨਹੀਂ, ਸਗੋਂ ਗੁਰੂ ਸਾਹਿਬ ਨੂੰ ਅਨੰਦਪੁਰ ਵਿਚ ਮਦਦ ਲਈ ਬੇਨਤੀ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਦੇਣ ਦਾ ਫੈਸਲਾ ਕੀਤਾ— ਆਪਣੇ ਲਈ ਨਹੀਂ, ਸਗੋਂ ਹੋਰਨਾਂ ਦੇ ਮਜ਼ਹਬ ਨੂੰ ਅਜ਼ਾਦੀ ਨਾਲ ਮਨਾਉਣ ਦੇ ਅਧਿਕਾਰ ਲਈ, ਭਾਵੇਂ ਉਹਨਾਂ ਦੀ ਵਿਰੋਧੀ ਬ੍ਰਾਹਮਣਵਾਦੀ ਵਿਚਾਰਧਾਰਾ ਹੀ ਕਿਉਂ ਨਹੀਂ ਸੀ। ਇਹ ਸ਼ਹਾਦਤ ਮਨੁੱਖੀ ਜ਼ਮੀਰ ਦੀ ਅਜ਼ਾਦੀ ਦੀ ਸਭ ਤੋਂ ਉੱਚੀ ਮਿਸਾਲ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਸਿੱਖਿਆ ਦਿੰਦੇ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (ਗੁਰੂ ਗ੍ਰੰਥ ਸਾਹਿਬ, ਪੰਨਾ 1427)

ਪ੍ਰੋਫੈਸਰ ਨੋਇਲ ਕਿਊ. ਕਿੰਗ (ਯੂਨੀਵਰਸਿਟੀ ਆਫ ਕੈਲੀਫ਼ੋਰਨੀਆ) ਨੇ ਸਹੀ ਕਿਹਾ ਹੈ: “ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਮਨੁੱਖੀ ਹੱਕਾਂ ਲਈ ਦੁਨੀਆਂ ਦੀ ਸਭ ਤੋਂ ਪਹਿਲੀ ਸ਼ਹੀਦੀ ਸੀ।”

ਇਸੇ ਜ਼ੁਲਮੀ ਹਾਲਾਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਸਿੱਖਾਂ ਨੂੰ, ਜਾਤ-ਪਾਤ ਤੋਂ ਉੱਪਰ ਉਠ ਕੇ, ਤਲਵਾਰ ਫੜਨ ਅਤੇ ਯੁੱਧ ਕਲਾ ਸਿੱਖਣ ਦਾ ਨਿਰਦੇਸ਼ ਦਿੱਤਾ। ਇਹ ਕਦਮ ਸਿਰਫ਼ ਫੌਜੀ ਨਹੀਂ ਸੀ ਸਗੋਂ ਸਮਾਜਕ ਕ੍ਰਾਂਤੀ ਵੀ ਸੀ, ਜਿਸ ਨੇ ਜਾਤੀ ਦੀਆਂ ਰੁਕਾਵਟਾਂ ਤੋੜ ਕੇ ਦੱਬੇ-ਕੁਚਲੇ ਲੋਕਾਂ ਨੂੰ ਜ਼ੁਲਮ ਦੇ ਖਿਲਾਫ਼ ਖੜ੍ਹਣ ਦੀ ਤਾਕਤ ਦਿੱਤੀ। ਨੇੜਲੇ ਪਹਾੜੀ ਇਲਾਕਿਆਂ ਦੇ ਰਾਜਪੂਤ ਰਾਜੇ, ਸਿੱਖ ਸਸ਼ਕਤੀਕਰਨ ਨਾਲ ਈਰਖਾ ਕਰਕੇ, ਸਭ ਤੋਂ ਪਹਿਲਾਂ ਸਿੱਖਾਂ 'ਤੇ ਹਮਲਾ ਕਰਨ ਵਾਲੇ ਬਣੇ। ਉਹਨਾਂ ਔਰੰਗਜ਼ੇਬ ਨੂੰ ਉਕਸਾਇਆ ਅਤੇ ਉਸ ਨਾਲ ਮਿਲ ਕੇ ਗੁਰੂ ਸਾਹਿਬ 'ਤੇ ਹਮਲੇ ਕੀਤੇ। ਇਹਨਾਂ ਜੰਗਾਂ ਕਾਰਨ ਗੁਰੂ ਸਾਹਿਬ, ਗੁਰੂ-ਪਰਿਵਾਰ ਅਤੇ ਸਿੱਖਾਂ ਨੂੰ ਬੇਹੱਦ ਮੁਸ਼ਕਲਾਂ ਝੱਲਣੀਆਂ ਪਈਆਂ।

ਦੁਖ ਦੀ ਗੱਲ ਹੈ ਕਿ ਅੱਜ ਵੀ ਅਸੀਂ ਉਹੀ ਜ਼ੁਲਮ ਹੁੰਦੇ ਵੇਖ ਰਹੇ ਹਾਂ। ਪਿਛੜਿਆ ਵਰਗ, ਧਾਰਮਿਕ ਘੱਟ ਗਿਣਤੀ, ਮਨੁੱਖੀ ਹੱਕਾਂ ਦੇ ਕਾਰਕੁੰਨ ਅਤੇ ਨਿਰਪੱਖ ਪੱਤਰਕਾਰ ਅੱਜ ਵੀ ਦਬਾਅ ਹੇਠ ਹਨ ਅਤੇ ਉਹਨਾਂ ਨੂੰ ਚੁੱਪ ਕਰਵਾਇਆ ਜਾਂਦਾ ਹੈ। ਔਰੰਗਜ਼ੇਬ ਦੀ ਵਿਰਾਸਤ ਅੱਜ ਦੇ ਤਾਨਾਸ਼ਾਹੀ ਰੂਪਾਂ ਵਿਚ ਗੂੰਜਦੀ ਸੁਣਾਈ ਦੇ ਰਹੀ ਹੈ।

ਇਸ ਲਈ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ੩੫੦ਵੀਂ ਸ਼ਹਾਦਤ ਦੀ ਯਾਦ ਸਿਰਫ਼ ਇੱਕ ਰਸਮੀ ਯਾਦ ਨਹੀਂ ਹੋਣੀ ਚਾਹੀਦੀ। ਸਿੱਖਾਂ ਨੂੰ ਜ਼ੁਲਮ ਦੇ ਵਿਰੁੱਧ ਦੱਬੇ-ਕੁਚਲੇ ਲੋਕਾਂ ਦੇ ਨਾਲ ਮਿਲ ਕੇ ਖੜ੍ਹਨਾ ਪਵੇਗਾ ਅਤੇ ਗੁਰੂ ਸਾਹਿਬ ਦੀ 'ਸ੍ਰਿਸ਼ਟਿ ਦੀ ਚਾਦਰ' ਦੀ ਵਿਰਾਸਤ ਨੂੰ ਆਪਣੇ ਜੀਵਨ ਵਿਚ ਅੰਗੀਕਾਰ ਕਰਨਾ ਪਵੇਗਾ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।